ੴ ਸਤਿਗੁਰ ਪ੍ਰਸਾਦਿ ॥

# ਦ੍ਰਿੜ੍ਹ ਵਿਸ਼ਵਾਸੀ ਸਿੱਖ ਬੀਬੀਆਂ

''ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ'' ਵਿਚੋਂ

ਕਰਤਾ–ਪ੍ਰੋ: ਪੂਰਨ ਸਿੰਘ



ਪੰਜਾਬੀ ਰੂਪਾਂਤਰਕਾਰ :

ਕਿਰਪਾਲ ਸਿੰਘ 'ਕਸੇਲ'

ਪ੍ਰਕਾਸ਼ਕ:-

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ)

ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦੋ ਸ਼ਬਦ

## ਦ੍ਰਿੜ ਵਿਸ਼ਵਾਸ਼ੀ ਸਿੱਖ ਬੀਬੀਆਂ

ਪ੍ਰੋ: ਪੂਰਨ ਸਿੰਘ ਨੇ ਉਹਨਾਂ ਸ਼ਰਧਾਵਾਨ ਬਹਾਦਰ ਸਿੱਖ ਬੀਬੀਆਂ ਦਾ ਚਰਿੱਤਰ ਆਪਣੇ ਨਿਰਾਲੇ ਢੰਗ ਨਾਲ ਚਿਤਰਿਆ ਹੈ, ਜਿਸ ਦਾ ਪੰਜਾਬੀ ਰੂਪਾਂਤਰ ਡਾ: ਕਿਰਪਾਲ ਸਿੰਘ ਕਸੇਲ ਨੇ ਕੀਤਾ ਹੈ । ਉਸਨੂੰ ਪੜ ਕੇ ਇਹ ਟ੍ਰੈਕਟ ਤਿਆਰ ਕੀਤਾ ਹੈ । ਸਾਨੂੰ ਯਕੀਨ ਹੈ ਕਿ ਇਸ ਨਾਲ ਜਿਥੇ ਬੱਚਿਆਂ ਵਿਚ ਸ਼ਰਧਾ ਜਾਗੇਗੀ ਉਥੇ ਮਾਤਾਵਾਂ ਨੂੰ ਬੱਚਿਆਂ ਵਿੱਚ ਸਿੱਖੀ ਚਾਅ ਭਰਨ ਦਾ ਵੱਲ ਵੀ ਆਵੇਗਾ ।

ਸਤਿਬੀਰ ਸਿੰਘ,
ਪ੍ਰਿੰਸੀਪਲ,
੨੩/੪/੯੪

Sri Satguru Jagjit Singh Ji eLibrary NamdhariElibrary@gmail.com

# ਆਦਰਸ਼ਕ ਸਿੱਖ ਮਾਂਵਾਂ

ਅੰਮ੍ਰਿਤ ਵੇਲੇ
ਜਦ ਹਾਲੀ ਹੋਇਆ ਨਹੀਂ ਸੀ ਪਹੁ-ਫੁਟਾਲਾ,
ਇਕ ਸਿਖ ਮਾਤਾ
ਕੁਛੜ ਚੁਕ ਕੇ ਆਪਣਾ ਬਾਲ
ਸੀ ਜਾ ਰਹੀ
ਸ੍ਰੀ ਹਰਿਮੰਦਰ ਦੇ ਦਰਸ਼ਨ ਕਰਨ
ਤੇ ਅੰਮ੍ਰਿਤ ਸਰੋਵਰ ਵਿਚ ਕਰਨ ਇਸ਼ਨਾਨ ।
"ਕਿਥੇ ਜਾ ਰਹੀ ਹੈ ਮਾਈ ?"
ਪੁਛਿਆ ਕੌੜਾ ਮੱਲਾ ਦੀਵਾਨ
ਜੋ ਸੀ ਲਾਹੌਰ ਦੇ ਹਾਕਮ ਦਾ ਅਹਿਲਕਾਰ ।
ਆਖਿਆ ਉਸ ਸੁਆਣੀ ਨੇ :
"ਮੈਂ ਤਾਂ ਜਾ ਰਹੀ ਹਾਂ ਵੀਰ ਜੀ
ਕਰਨ ਗੁਰਾਂ ਦੇ ਦਰਸ਼ਨ;
ਸ੍ਰੀ ਹਰਿਮੰਦਰ ਸਾਹਿਬ;
ਜਿਥੇ ਅਜ ਗੁਰੂ ਦੇ ਖ਼ਾਲਸੇ ਦਾ
ਲਗਣਾ ਹੈ ਦੀਵਾਨ !
ਮੈਂ ਤਾਂ ਸਾਧ ਸੰਗਤ ਵਿਚ
'ਨਾਮ' ਅੰਮ੍ਰਿਤ ਦੀਆਂ ਲਹਿਰਾਂ ਅੰਦਰ
ਕਰਨ ਆਈ ਇਸ਼ਨਾਨ
ਤੇ ਆਪਣੇ ਪੁੱਤਰ ਪਿਆਰੇ ਨੂੰ ਵੀ
ਹਾਂ ਲੈ ਕੇ ਆਏ ਇਸੇ ਕਾਰਨ
ਤਾਂ ਜੋ ਇਸ ਦਾ ਵੀ ਹੋਵੇ ਕਲਿਆਣ ।"
ਦੀਵਾਨ ਨੇ ਫੁਰਮਾਇਆ :
"ਪਰ ਮਾਤਾ ! .....
ਹਰਿਮੰਦਰ ਦੇ ਦਰਵਾਜ਼ੇ
ਅਜ ਕਰ ਦਿਤੇ ਗਏ ਨੇ ਬੰਦ



Sri Satguru Jagjit Singh Ji eLibrary NamdhariElibrary@gmail.com

ਹਾਕਮਾਂ ਵਲੋਂ
ਤੇ ਜਿਹੜਾ ਵੀ ਅਜ ਆਵੇਗਾ ਵਿਚ ਹਰਿਮੰਦਰ
ਉਸ ਨੂੰ ਸਮਝ ਲਿਆ ਜਾਵੇਗਾ 'ਬਾਗੀ'
ਇਸੇ ਖ਼ਾਤਰ ਸ਼ਾਹੀ ਫੌਜਾਂ ਇਥੇ ਹਨ ਖੜੀਆਂ
ਤਾਂ ਜੋ ਜਿਹੜਾ ਆਵੇ ਦਰਸ਼ਨ ਕਰਨ
ਇਸ ਮੰਦਰ ਦੇ
ਉਸ ਨੂੰ ਕਰ ਦਿਤਾ ਜਾਵੇ ਕਤਲ,
ਇਸ ਤਰ੍ਹਾਂ ਅਜ ਹੋਵੇਗਾ ਇਥੇ ਬਹੁਤ ਕਤਲਾਮ ।"
"ਕੋਈ ਗੱਲ ਨਹੀਂ ਵੀਰ ਪਿਆਰੇ,
ਜੇ ਸਾਡੀ ਰਤ ਵੀ ਅੰਮ੍ਰਿਤ ਸਰੋਵਰ ਦੇ
ਅੰਮ੍ਰਿਤ ਜਲ ਵਿਚ ਜਾ ਰਲੇਗੀ
ਤਾਂ ਇਸ ਤੋਂ ਵੱਧ ਹੋਰ ਕੀ ਹੋਵਣਗੇ
ਸਾਡੇ ਚੰਗੇ ਭਾਗ ?"
ਦੀਵਾਨ ਨੇ ਮੁੜ ਇਹ ਦੁਹਰਾਇਆ :
"ਮਾਈ !
ਆਪਣੇ ਪੁੱਤ 'ਤੇ ਤਾਂ ਤਰਸ ਕਰੋ ।"
ਤਾਂ ਉਸ ਸਿਖ ਮਾਂ ਨੇ ਉਤਰ ਦਿਤਾ :
"ਵੀਰ ਪਿਆਰੇ,
ਤੁਸੀਂ ਕੀ ਜਾਣੋ ਇਸ ਦੀ ਸਾਰ,
ਇਹ ਮੇਰਾ ਪੁੱਤਰ ਹੈ ਮੈਨੂੰ ਬਹੁਤ ਪਿਆਰਾ,
ਇਸੇ ਲਈ ਇਸ ਨੂੰ ਵੀ ਲਿਆਈ ਹਾਂ ਨਾਲ,
ਇਹ ਮੌਤ ਕੋਈ ਮੌਤ ਨਹੀਂ ਹੈ,
ਇਹ ਤਾਂ ਬਖ਼ਸ਼ੇ ਨਵਾਂ ਜੀਵਨ ਸਦੀਵੀ ।"

❖ ❖ ❖ ❖



Sri Satguru Jagjit Singh Ji eLibrary NamdhariElibrary@gmail.com

# ਸਿਖ ਮਾਂਵਾਂ ਹਨ ਨਿਰਭਉ

ਸਮੇਂ ਪੁਰਾਣੇ ਲਾਹੌਰ ਦੇ ਹਾਕਮ
ਸਿਖ ਯੁਵਕ ਨੂੰ ਫੜ ਕੇ ਜੇਲ੍ਹ 'ਚ ਸੁਟਿਆ ;
ਕੋਈ ਵੀ ਉਸ ਦਾ ਜੁਰਮ ਨਹੀਂ ਸੀ,
ਚਾਹੇ ਹਾਕਮ ਕਿ ਉਹ ਨੌਜਵਾਨ ਈਨ ਮੰਨ ਜਾਵੇ
ਤੇ ਹੋਵੇ ਅੰਗਪਾਲ
ਉਸ ਦੀ ਬੇਇਨਸਾਫੀ ਅਤੇ ਜ਼ੁਲਮ ਦਾ ।
ਉਹ ਸੀ ਇਕਲੌਤਾ ਸਿਖ ਵਿਧਵਾ ਮਾਂ ਦਾ
ਉਸ ਦਾ ਨਹੀਂ ਸੀ ਕੋਈ ਹੋਰ ਅਪਰਾਧ,
ਧਰਮ ਬਦਲੀ ਲਈ ਹਾਕਮ ਸੀ ਤੁਲਿਆ ਹੋਇਆ,
ਜਿਸ ਤੋਂ ਬਿਨਾਂ ਉਸ ਹਾਕਮ ਨੇ ਫਤਵਾ ਦੇ ਕੇ
ਦੇਣਾ ਸੀ ਉਸ ਨੂੰ ਜਾਨੋਂ ਮਾਰ ।
ਮਾਂ ਵਿਚਾਰੀ ਕੁਝ ਵੀ ਨਹੀਂ ਸੀ ਕਰ ਸਕਦੀ
ਉਸ ਦੀ ਖ਼ਾਤਰ ਚਾਰਾਜੋਈ,
ਉਸ ਨੇ ਆਪਣੇ ਆਪ ਨੂੰ
ਇਕ ਕੋਠੇ ਵਿਚ ਬੰਦ ਕੀਤਾ,
ਮੁੰਦ ਕੇ ਨੈਣ ਉਸ ਜਦ ਕੀਤੀ ਅਰਦਾਸ,
ਵਿਚ ਸਮਾਧੀ ਉਹ ਪੁਜੀ ਸਤਿਗੁਰ ਪਾਸ,
ਦਰਦ ਭਿਜੀ ਉਸ ਮਾਂ ਨੂੰ ਹੋਏ
ਸਤਿਗੁਰ ਦੇ ਦੀਦਾਰ :
''ਗੁਰੂਦੇਵ !
ਮੇਰੇ ਬਚੜੇ ਤਾਈਂ ਆਪਣੀ ਗੋਦੀ ਵਿਚ ਸਮਾ ਲਉ,
ਬਿਨਾਂ ਤੁਹਾਡੇ ਉਹ ਸੱਚੇ ਸਾਈਂ,
ਕਿਸੇ ਹੋਰ ਦਾ ਹੋ ਨਾ ਜਾਵੇ !''
ਤਦ ਇੰਝ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ :
''ਚਿੰਤਾ ਨਾ ਕਰ ਮੇਰੀ ਪੁੱਤਰੀ ;
ਉਹ ਆਉਂਦਾ ਹੈ ਤੁਹਾਡਾ ਨੌਨਿਹਾਲ,
ਜਿਸ ਦੇ ਗਿਰਦੇ ਤੱਕੋ ਹੈ ਚਾਨਣ ਦੀ ਢਾਲ !''
ਤਦ ਉਸ ਮਾਤ ਨੇ ਆਪਣੇ ਪੁੱਤ ਤਾਂਈਂ
ਚਾਨਣ ਦੇ ਕਵਚ ਵਿਚ ਤੱਕਿਆ
ਜੋ ਖੜਾ ਸੀ ਹੁਣ ਗੁਰੂ ਦੇ ਦਵਾਰ ।

❖ ❖ ❖ ❖



Sri Satguru Jagjit Singh Ji eLibrary NamdhariElibrary@gmail.com

# ਸਿਖ ਮਾਂਵਾਂ ਤੇ ਚਾਲੀ ਮੁਕਤੇ

ਚਾਲੀ ਸਿਖ ਗੁਰੂ ਦੇ
ਉਸ ਸਮੇਂ ਆਏ ਦੇ ਬੇਦਾਵਾ
ਜਦ ਗੁਰੂ ਗੋਬਿੰਦ ਸਿੰਘ
ਕਿਲ੍ਹੇ ਆਨੰਦਪੁਰ ਦੇ ਘੇਰੇ ਵਿਚ ਸਨ ਬੈਠੇ
ਕਿਉਂ ਜੋ ਉਹ ਗੁਰਾਂ ਦੇ ਨਾਲ
ਨਹੀਂ ਸਨ ਭੁਖ ਦਾ ਦੁਖ ਜਰ ਸਕਦੇ ।
ਗੁਰਦੁਆਰੇ ਤੋਂ ਆਪਣੇ ਘਰਾਂ ਨੂੰ ਉਹ ਸਨ ਪਰਤੇ,
ਪਰ ਉਨ੍ਹਾਂ ਲਈ
ਬੂਹੇ ਆਪਣੇ ਘਰਾਂ ਦੇ ਬੰਦ ਸਨ ਹੋਏ ।
ਸਿਖ ਮਾਤਾਵਾਂ, ਪਤਨੀਆਂ ਤੇ ਭੈਣਾਂ ਨੇ
ਕੀਤੀ ਸੀ ਪੁਕਾਰ
ਤੇ ਉਨ੍ਹਾਂ ਨੂੰ ਦਿਤਾ ਸੀ ਧ੍ਰਿਕਾਰ,
ਵੀਰਾਂਗਣ ਇਸਤਰੀਆਂ ਨੇ
ਉਨ੍ਹਾਂ ਨੂੰ ਘਰਾਂ ਵਿਚ ਸ਼ਰਨ ਨਹੀਂ ਸੀ ਦਿਤੀ
ਤੇ ਕਿਹਾ ਸੀ :
"ਜਾਉ ਮੁੜ ਕੇ ਆਪਣੇ ਗੁਰੂ ਦੇ ਵਲ
ਜਿਥੋਂ ਮੋੜ ਕੇ ਕੰਡਾਂ ਬੁਜ਼ਦਿਲਾਂ ਵਾਂਗੂੰ
ਤੁਸੀਂ ਘਰਾਂ ਨੂੰ ਨੱਠੇ ।"
"ਕੋਈ ਸਿਖ ਮਾਂ ਵੀ
ਆਪਣੇ ਉਸ ਪੁੱਤਰ ਨੂੰ ਨਹੀਂ ਅਪਣਾਉਂਦੀ
ਨਾ ਕੋਈ ਸਿਖ ਤ੍ਰੀਮਤ
ਆਪਣੇ ਉਸ ਪਤੀ ਦਾ ਛੱਤਰ ਹੈ ਚਾਹੁੰਦੀ,
ਨਾ ਕੋਈ ਭੈਣ
ਉਸ ਵੀਰ ਤਾਂਈਂ ਕਰੇ ਪਿਆਰ
ਜੋ ਆਇਆ ਹੋਵੇ
ਗੁਰੂ ਘਰ ਤੋਂ ਮੂੰਹ ਮੋੜ ਕੇ ।
ਗੁਰੂ ਸੰਗ ਮਰਨ ਵਿਚ ਹੈ ਜੀਵਨ



Sri Satguru Jagjit Singh Ji eLibrary NamdhariElibrary@gmail.com

ਐਸੀ ਮੌਤ ਸੁਹਾਵੀ
ਕਿਤੇ ਹੋਰ ਨਾ ਮਿਲਦੀ ।"
ਇਹੋ ਸਿੰਘ ਗੁਰੂ ਕੇ
ਮੁੜ ਹੋਏ ਤਿਆਰ
ਅਤੇ ਇਨ੍ਹਾਂ ਨੇ ਗੁਰੂ ਚਰਨਾਂ ਤੋਂ
ਦਿਤੇ ਸਨ ਆਪਣੇ ਸਿਰ ਵਾਰ -
ਚਾਲੀ ਮੁਕਤੇ ਅਮਰ ਸ਼ਹੀਦ
ਰੋਸ਼ਨ ਹਨ ਵਿਚ ਸਿਖ ਇਤਿਹਾਸ ।

❖ ❖ ❖ ❖

## ਖੁਸ਼ਹਾਲੀ ਦਾ ਭੇਦ

ਸਿਖ ਸੁਆਣੀ ਖੁਸ਼ਹਾਲ ਬੜੀ ਹੈ
ਰੱਜੀ ਪੁਜੀ
ਆਵੇ ਨਾ ਉਸ ਦੇ ਦਿਲ ਵਿਚ
ਕੋਈ ਵੀ ਹੋਰ ਵਿਚਾਰ ।
ਕੋਈ ਨਾ ਜਾਣੇ ਉਸ ਦੇ ਦਿਲ ਅੰਦਰ
ਜੋ ਵਸ ਰਹੀ ਖੁਸ਼ੀ ਫੁਹਾਰ ;
ਦੂਜਿਆਂ ਨਾਲੋਂ ਉਸ ਦਾ ਜਾਪੇ
ਵੱਧ ਨਿਆਰਾ ਵਿਵਹਾਰ,
ਕਿਉਂ ਜੋ ਸਦਾ ਉਸ ਦੇ ਨੈਣ ਤੱਕਦੇ ਰਹਿੰਦੇ
ਆਪਣੇ ਪ੍ਰੀਤਮ ਦੇ ਰਾਹਾਂ ਵਲ ।

.....................

ਖੂਹ ਤੋਂ ਉਹ ਪਾਣੀ ਹੈ ਢੋਂਦੀ,
ਚੱਕੀ ਉਤੇ ਆਟਾ ਪੀਂਹਦੀ,
ਗੁੰਨ੍ਹਦੀ ਅਤੇ ਪਕਾਉਂਦੀ,
ਪਰ ਉਸ ਦੇ ਨੈਣ ਸਦਾ ਤੱਕਦੇ ਰਹਿੰਦੇ
ਆਪਣੇ ਪ੍ਰੀਤਮ ਦੇ ਰਾਹਾਂ ਵਲ ।

.....................

ਉਹ ਤੱਕਦੀ ਵਲ ਉਚੇ ਆਸਮਾਨ



Sri Satguru Jagjit Singh Ji eLibrary NamdhariElibrary@gmail.com

ਸੂਰਜ ਦੀ ਟਿੱਕੀ ਨੂੰ ਤੱਕਦੀ
ਕਿਥੇ ਹੈ ਉਹ ਚੜ੍ਹਦੇ ਵਲ
ਜਾਂ ਅੱਧ ਵਿਚ ਅਸਮਾਨ ?
ਜਾਂ ਲੌਢੇ ਪਹਿਰ ਨੂੰ ਢਲ ਗਿਆ ਹੈ ?
ਜਾਂ ਪੱਛਮ ਵਿਚ ਛਿਪਣ ਲਗਾ ਹੈ ਜਾਣ ?
ਇਸ ਤਰ੍ਹਾਂ ਉਹ ਤੱਕਦੀ
ਆਪਣੇ ਕਣਕ ਦੇ ਖੇਤਾਂ ਵਲ ਨੂੰ
ਜਿਨ੍ਹਾਂ ਉਤੇ ਦਿਨ ਨੂੰ ਸੂਰਜ
ਰਾਤ ਨੂੰ ਤਾਰੇ ਚਮਕਣ
ਤੇ ਇਹ ਸੋਚ ਕੇ ਹੰਝੂ ਪਈ ਵਗਾਵੇ
ਕਿਉਂ ਜੋ ਉਸ ਦੇ ਪ੍ਰੀਤਮ ਦੇ ਰਾਹਾਂ ਵਲ
ਉਸ ਤੋਂ ਬਿਨਾਂ ਹੋਰ ਨਾ ਕੋਈ ਤਕਾਵੇ ।

..........................

ਹੋਰਾਂ ਵਾਂਗੂੰ ਉਹ ਵੀ ਸੰਝ ਸਵੇਰੇ
ਦੋ ਵੇਲੇ ਆਪਣੀ ਗਾਂ ਨੂੰ ਚੋਂਦੀ
ਪਰ ਪਹਿਲੀ ਧਾਰ ਥਣਾਂ 'ਚੋਂ ਉਹ
ਆਪਣੇ ਪ੍ਰੀਤਮ ਲਈ ਵਗਾਵੇ;
ਉਸ ਦਿਸ਼ਾ ਵਲ
ਜਿਸ ਵਲ ਉਸ ਦੇ
ਨੈਣ ਨੇ ਸਦਾ ਤੱਕਦੇ ਰਹਿੰਦੇ
ਜਿਸ ਦਿਸ਼ਾ ਤੋਂ ਉਸ ਦੇ
ਪ੍ਰੀਤਮ ਨੇ ਘਰ ਨੂੰ ਹੈ ਆਉਣਾ ।

❖ ❖ ❖ ❖



Sri Satguru Jagjit Singh Ji eLibrary NamdhariElibrary@gmail.com

# ਭਾਗਭਰੀ ਦੇ ਮੰਦਰ ਉਤੇ ਮੱਥਾ ਟੇਕਣਾ

ਭਾਗਭਰੀ ਦੇ ਪੁਨੀਤ ਧਾਮ 'ਤੇ
ਮੈਂ ਆਪਣਾ ਮਸਤਕ ਧਰਿਆ,
ਚਾਣਚਕ ਮੈਨੂੰ ਨਜ਼ਰੀਂ ਆਇਆ,
ਉਹ ਸਾਰਾ ਮਾਰਗ
ਜੋ ਸ੍ਰੀਨਗਰ ਤੋਂ ਅੰਮ੍ਰਿਤਸਰ ਦੇ
ਹਰਿਮੰਦਰ ਤੀਕਰ ਸੀ ਪਸਰਿਆ ।
ਇਸ ਮਾਰਗ 'ਤੇ ਚਲ ਕੇ
ਮੇਰਾ ਪ੍ਰੀਤਮ ਇਥੇ ਸੀ ਸਿਧਾਇਆ ।
ਇਥੇ ਮੱਥਾ ਟੇਕਣ ਸਮੇਂ
ਭਾਗਭਰੀ ਦੇ ਧਾਮੇ
ਤੇ ਇੰਝ ਮੈ ਲਖਿਆ
ਜਿਵੇਂ ਮੈਂ ਧਰਿਆ ਹੋਵੇ ਸੀਸ ਆਪਣਾ
ਹਰਿਮੰਦਰ ਦੇ ਦਰ 'ਤੇ,
ਭਾਗਭਰੀ ਦੇ ਇਸ ਪਵਿੱਤਰ ਧਾਮ ਨੂੰ ਚੁੰਮਿਆਂ
ਜੋ ਮੈਂ ਇਕ ਵਾਰ
ਇੰਝ ਜਾਪਿਆ ਜਿਵੇਂ ਮੈਂ ਚੁੰਮਿਆਂ ਹੋਵੇ
ਉਸ ਮਾਰਗ ਦੇ ਹਰ ਕਦਮ ਨੂੰ
ਜਿਥੋਂ ਦੀ ਆਏ ਚਲ ਕੇ ਸਨ
ਆਪ ਮੇਰੇ ਕਰਤਾਰ ;*
ਯੁਗਾਂ ਜਿਡੀ ਸਿਕ ਦਰਸ਼ਨ ਦੀ
ਮੇਰੀ ਹੋਈ ਸੀ ਠੰਢੀ ਠਾਰ ।

❖ ❖ ❖ ❖

---

* ਇਹ ਸੰਕੇਤ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਵਲ ਹੈ ਜੋ ਆਪਣੀ ਅਨਿਨ ਭਗਤ ਮਾਤਾ ਭਾਗਭਰੀ ਨੂੰ ਦਰਸ਼ਨ ਦੇਣ ਲਈ ਅੰਮ੍ਰਿਤਸਰ ਤੋਂ ਚਲ ਕੇ ਸ੍ਰੀਨਗਰ ਆਏ ਸਨ ।



Sri Satguru Jagjit Singh Ji eLibrary NamdhariElibrary@gmail.com

# ਗੁਰੂ ਗ੍ਰੰਥ

ਇਕ ਵਾਰ
ਮੇਰੇ ਅੰਦਰ ਪ੍ਰਭੂ ਦੀ ਹੋਂਦ ਦੇ ਅਹਿਸਾਸ ਦਾ
ਨਿੰਮ੍ਹਾ ਨਿੰਮ੍ਹਾ ਪ੍ਰਵਾਹ ਸੀ ਚਲ ਰਿਹਾ,
ਪਿਆਰ ਦੇ ਸਾਗਰ ਵਿਚ
ਲਹਿਰਾਂ ਦਾ ਜਵਾਰਭਾਟਾ ਸੀ ਆ ਰਿਹਾ,
ਮੇਰੇ ਜੀਵਨ ਦੀ ਬੱਤੀ ਟਿਮਟਿਮਾ ਕੇ
ਬੁਝਣ ਹੀ ਵਾਲੀ ਸੀ
ਤੇ ਲਗਪਗ ਬੁਝ ਹੀ ਚੁਕੀ ਸੀ;
ਚਾਣਚਕ;
ਮੈਂ ਜੀਵਨ ਖ਼ਾਤਰ ਦੌੜਿਆ
ਅਤੇ ਜਾ ਕੇ ਗੁਰੂ ਗ੍ਰੰਥ ਜੀ ਦੀ
ਪਵਿੱਤਰ ਛੁਹ ਪ੍ਰਾਪਤ ਕੀਤੀ,
ਮੈਂ ਸਖਿਆਤਿ ਸਰੂਪ ਗੁਰੂ ਗ੍ਰੰਥ ਦੇ
ਦੇਹ ਸਰੂਪ ਦਾ ਆਭਾਸ ਕਰਦਾ ਹੋਇਆ
ਅਰਧ ਨੀਂਦਰ ਅਵਸਥਾ ਵਿਚ ਪਿਆ ਸਾਂ,
ਜਦੋਂ ਮੈਂ ਉਥੋਂ ਉਠਿਆ
ਤਾਂ ਮੈਨੂੰ ਇੰਝ ਆਭਾਸ ਹੋਇਆ
ਜਿਵੇਂ ਮੈਂ ਕਿਸੇ
ਪ੍ਰੇਮ-ਵਿਗੁਤੀ ਸੁੰਦਰੀ ਦੇ ਸਰੂਪ ਵਿਚ
ਸਹੰਸਰ ਰੰਗਾਂ ਦੀ ਝਿਲਮਿਲ ਵਿਚ ਬੈਠਾ
ਨਵ-ਪ੍ਰੀਤ ਨੂੰ ਮਾਣ ਰਿਹਾ ਹੋਵਾਂ ।

❖ ❖ ❖ ❖



Sri Satguru Jagjit Singh Ji eLibrary NamdhariElibrary@gmail.com

# ਵਿਰੋਸਾਏ ਘਰ

ਇਸ ਸੰਸਾਰ ਵਿਚ
ਦੋ ਤਰ੍ਹਾਂ ਦੇ ਹੈਨ ਘਰ
ਇਕ ਘਰ ਸੁਖਦਾਈ ਆਲ੍ਹਣੇ
ਦੂਜੇ ਹਨ ਪਾਵਨ ਨਿਵਾਸ,
ਇਹ ਦੋਵੇਂ ਘਰ ਪਰਮ ਪਵਿੱਤਰ
ਸ਼ੋਭਨੀਕ ਮਹਾਨ ।
ਦੂਜੇ ਜੋ ਸ਼ਾਨਦਾਰ ਮਕਾਨ
ਬੰਗਲੇ ਕੋਠੀਆਂ ਸਜੀਆਂ ਹੋਈਆਂ
ਐਸ਼ਵਰਜ਼ ਦੇ ਸਭ ਸਮਿਆਨ,
ਜਿਨ੍ਹਾਂ ਵਿਚ ਹਨ ਸੰਗ੍ਰਹਿ ਕੀਤੇ
ਹਨ ਇਹ ਸਭ ਮਕਾਨ,
ਨਿਰਜਿੰਦ ਕਬਰ ਸਮਾਨ,
ਜਿਥੇ ਜਿਉਂਦੀਆਂ ਲਾਸ਼ਾਂ
ਸੜਦੀਆਂ ਨਿਤ ਦਿਹਾੜੇ
ਉਮਰਾ ਭਰ ਬਲਦੇ ਸਿਵੇ ਸਮਾਨ ।

.......................

ਇਹ ਘਰ ਜੋ ਹਨ ਰਹਿਣਵਾਸ .
ਪਿਆਰੇ ਪਿਆਰੇ ਮਰਦਾਂ ਤੇ ਤ੍ਰੀਮਤਾਂ ਦੇ
ਜਿਥੇ ਉਹ ਰਹਿੰਦੇ ਨਾਲ ਪਿਆਰ
ਆਪਣੇ ਬੱਚਿਆਂ ਸੰਗ,
ਇਨ੍ਹਾਂ ਘਰਾਂ ਵਿਚ ਵਸਦੇ ਪਿਆਰ ਤੇ ਸ਼ਾਂਤੀ
ਮਿੱਠਾ ਗੀਤ ਪ੍ਰੇਮ ਦਾ ਗੂੰਜੇ,
ਹਰ ਪ੍ਰਾਹੁਣੇ ਦਾ ਆਦਰ ਕਰਦੇ
ਹੋਵੇ ਸਭ ਦਾ ਇਥੇ ਸਨਮਾਨ
ਧਰ ਧਨ ਇਹ ਘਰ ਭਾਗਵਾਨ ।
ਜਿਥੇ ਜਦੋਂ ਕੋਈ ਆਵੇ ਮਹਿਮਾਨ
ਘਰ ਦੇ ਸਾਰੇ ਜੀਅ



Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਤੇ ਖੁਸੀ 'ਚ ਨਚ ਨਚ ਉਠਦੇ
ਇੰਝ ਚਹਿਕਦੇ ਪੰਛੀਆਂ ਹਾਰ
ਗਾਵਣ ਗੀਤ ਮਲ੍ਹਾਰ,
ਜਿਵੇਂ ਉਸ਼ਾ ਨੂੰ ਆਖਣ
ਸਭ ਪੰਛੀ ਸੁਭ ਆਗਮਨ ।

ਇਨ੍ਹਾਂ ਘਰਾਂ ਦੇ ਨਿੱਕੇ ਬੂਹਵੇ
ਭਾਵੇਂ ਰਹਿੰਦੇ ਬੰਦ,
ਪਰ ਇਨ੍ਹਾਂ ਵਿਚੋਂ ਚਾਨਣ ਦੀਆਂ ਰਿਸ਼ਮਾਂ
ਨਿਤ ਮਾਰਨ ਝਲਕਾਰੇ
ਪ੍ਰੇਮ ਤੇ ਸ਼ਾਂਤੀ ਦੇ ਨਜ਼ਾਰੇ ।
ਫਿਰ ਇਕ ਇਹੋ ਜਿਹੇ ਵੀ ਘਰ ਜਾਂ ਨਿਵਾਸ
ਜਿਨ੍ਹਾਂ ਦੇ ਦਰ ਸਦਾ ਸਦਾ ਲਈ ਖੁਲ੍ਹੇ
ਨਾ ਕੋਈ ਜੰਦਰਾ ਨਾ ਕੋਈ ਕੁੰਡਾ,
ਸਭ ਦਾ ਕਰਨ ਸੁਆਗਤ
ਰਾਤ ਦਿਨ, ਹਰ ਘੜੀ, ਹਰ ਪਲ ।
ਇਹ ਹਨ ਸਰਾਂਅ ਸਮਾਨ
ਜਿਥੇ ਕਰਨ ਬਿਸਰਾਮ
ਥੱਕੇ ਟੁੱਟੇ ਰਾਹੀ ਆਉਂਦੇ
ਕਰਨ ਲਈ ਇਕ ਰਾਤ ਦਾ ਗੁਜ਼ਰਾਨ,
ਕੁਝ ਪਲ ਇਥੇ ਕਰ ਆਰਾਮ
ਫਿਰ ਤੁਰ ਜਾਂਦੇ ਇਹ ਮੁਸਾਫਲ
ਆਪਣਾ ਪੰਧ ਮੁਕਾਣ
ਆਪਣੀ ਮੰਜ਼ਲ ਵਲ ।
ਇਹ ਸੰਤਾਂ ਮਹਾਂ-ਪੁਰਸ਼ਾਂ ਦੇ ਲੰਗਰ
ਸਦ ਵਿਰੋਸਾਏ ਸਦਾ ਵਰਤ ਚਲਤੇ ਰਹਿੰਦੇ ।
ਇਥੇ ਰੱਬੀ ਬਰਕਤਾਂ ਬੁਕੀ ਬੁਕੀ ਜਾਂਦੀਆਂ ਵੰਡੀਆਂ ।
ਇਥੋਂ ਦਾ ਅੱਧਾ ਪ੍ਰਸ਼ਾਦਾ
ਸੈਂਕੜਿਆਂ ਉਮਰਾਂ ਦੇ ਭੁਖਿਆਂ ਤਾਂਈਂ ਤ੍ਰਿਪਤ ਅਘਾਏ ।
ਇਥੇ ਜੋ ਕੋਈ ਆਏ



Sri Satguru Jagjit Singh Ji eLibrary NamdhariElibrary@gmail.com

ਕਦੇ ਨਿਰਾਸ਼ ਨਾ ਜਾਏ ।
ਇਥੇ 'ਇਨਸਾਨ' ਦੀ ਹੁੰਦੀ ਘਾੜਤ,
ਇਥੋਂ ਉਹ ਪਰਮ ਸ਼ਾਂਤੀ ਮਿਲਦੀ
ਜਿਸ ਨੂੰ ਰੂਹ ਮਾਨਵ ਦੀ
ਸਦਾ ਤਰਸਦੀ ਰਹਿੰਦੀ ।

ਇਸ ਘਰ ਵਿਚ ਕਿਸੇ ਵਸਤ ਦੀ ਥੁੜੋਂ ਨਹੀਂ ਹੈ ।
ਸੰਤਾਂ ਦਾ ਇਕ ਅੰਮ੍ਰਿਤ ਬਚਨ
ਮਨੁੱਖ ਦੀ ਰੂਹ ਨੂੰ
ਦਿੰਦਾ ਉਹ ਪਰਮ ਸ਼ਾਂਤੀ
ਜੋ ਉਸ ਦੇ ਸੰਗ ਸਾਰੀ ਉਮਰਾ ਰਹਿੰਦੀ,
ਇਹ ਸ਼ਾਂਤੀ ਕਦੀ ਭੰਗ ਨਾ ਹੁੰਦੀ,
ਨਾ ਇਹ ਥੁੜਦੀ, ਨਾ ਮੁਕਦੀ,
ਹੈ ਅਖੁੱਟ ਇਸ ਦਾ ਭੰਡਾਰਾ ।
ਭਾਵੇਂ ਉਹ ਸੰਤਾਂ ਦਾ ਵਿਰੋਸਾਇਆ ਇਹ ਜੀਊੜਾ
ਇਸ ਬਖ਼ਸ਼ਸ਼ ਤੇ ਨਦਰ ਕਰਮ ਨੂੰ
ਬੁਕ ਭਰ ਭਰ ਕੇ ਡੋਲ੍ਹੇ ।

ਬਖ਼ਸ਼ਸ਼ ਦੇ ਇਸ ਘਰ ਵਿਚ
ਪੁਨੀ ਪਾਪੀ ਇਕ ਸਮਾਨ
ਸਭ ਦਾ ਹੋਵੇ ਸੁਆਗਤ ਇਥੇ
ਇਥੇ ਸਭ ਰੱਬ ਦੇ ਮਹਿਮਾਨ,
ਸੰਤ ਅਸੰਤ ਵਿਚ ਨਹੀਂ ਕੋਈ ਅੰਤਰ ।

ਇਥੇ ਬਸ ਇਕ ਅਚੰਭਾ
ਇਕ ਕਰਾਮਾਤ ਰੱਬੀ,
ਇਸ ਦੀ ਧੂੜੀ ਦੇ ਵਿਚ
ਸੂਰਜਾਂ ਦਾ ਪ੍ਰਕਾਸ਼
ਹਰ ਮਾਨਵ ਨੂੰ ਦੇਵੇ ਚਾਨਣ ਤੇ ਗਿਆਨ ।

ਇਥੇ ਰੱਬੀ ਪ੍ਰੇਮ ਦੀਆਂ ਦਾਤਾਂ ਵੰਡੀਆਂ ਜਾਂਦੀਆਂ
ਇਥੋਂ ਕਵਿਤਾ ਮਿਲਦੀ
ਕਲਾ ਵੀ ਮਿਲਦੀ



Sri Satguru Jagjit Singh Ji eLibrary NamdhariElibrary@gmail.com

ਮਿਲਦਾ ਧਰਮ ਆਚਾਰ
ਅਨੇਕ ਰੂਪ ਵਿਚ;
ਇਥੋਂ ਬਖ਼ਸ਼ਸ਼ ਹੋਵੇ ਪ੍ਰਾਪਤ
ਮਿਲੇ ਜੋ ਕਿਸੇ ਭਾਗਵਾਨ ਨੂੰ
ਇਕ ਪ੍ਰਸ਼ਾਦੇ ਜਾਂ ਕਿਸੇ ਬਸਤਰ
ਜਾਂ ਫਿਰ ਇਕ ਫੁੱਲ ਪੱਤੀ ਦੇ ਰਾਹੀਂ;
ਜਦ ਹੋਵੇ ਇਥੋਂ ਨਦਰ ਕ੍ਰਮ ਦੀ ਮਿਹਰ
ਤਾਂ ਹੋਵੇ ਨਦਰ ਨਿਹਾਲ
ਲੰਮੀ ਨਦਰ ਪ੍ਰਾਪਤ ਹੋਵੇ
ਆਤਮ ਦ੍ਰਿਸ਼ਟੀ ਵਾਲੀ ।

ਇਸ ਘਰੋਂ ਜਦ ਜਾਣ ਮੁਸਾਫਰ
ਉਨ੍ਹਾਂ ਦੀ ਝੋਲੀ ਭਰ ਜਾਂਦੀ
ਰੱਬੀ ਰਹਿਮਤਾਂ ਨਾਲ ।
ਇਥੇ ਹਰੀ ਨਾਮ ਦੀ ਲੁਟ ਪਈ ਮਚਦੀ,
ਇਥੇ ਪ੍ਰਭੂ ਪ੍ਰੀਤਮ ਦੇ ਹਿਰਦੇ ਦਾ ਸੱਚਾ ਪਿਆਰ
ਸਭ ਨੂੰ ਮਿਲਦਾ ।
ਪ੍ਰਭੂ ਨਾਮ ਦੀ ਮਹਿਕ
ਚਾਰ ਚੁਫੇਰੇ ਖਿੰਡਰੀ
ਸਰਬ ਰੋਗ ਅਤੇ ਦਿਲ ਦੀ ਪੀੜਾ
ਮਨ ਦੇ ਦੁੱਖ ਸੰਤਾਪ
ਕਸ਼ਟ ਦੇਹ ਦੇ
ਤੇ ਹੋਰ ਸਭ ਪਾਪ
ਇਥੋਂ ਦੀ ਮਿੱਠੀ ਪਿਆਰੀ ਛੂਹ ਨੂੰ ਪਾ ਕੇ
ਸਭ ਦੂਰ ਹੋ ਜਾਂਦੇ ।
ਇਸ ਰੱਬੀ ਰਹਿਮਤ ਦੇ ਘਰ ਵਿਚ
'ਨਾਮ' ਦੀ ਰੌਂ
ਸਦਾ ਵਗਦੀ ਰਹਿੰਦੀ,
ਹਜ਼ਾਰਾਂ ਨਰ ਤੇ ਨਾਰਾਂ ਦੇ 'ਕਰਮ' ਜਦ ਰਲਦੇ
ਤਾਂ ਨਵਜੀਵਨ ਧਾਰਾ ਦੇ ਪ੍ਰਵਾਹ
ਦੇ ਨਿਰਮਲ ਜਲ ਦੀ



Sri Satguru Jagjit Singh Ji eLibrary NamdhariElibrary@gmail.com

ਪਵਿੱਤਰਤਾ ਇਥੇ ਵਹਿੰਦੀ,
ਹਰ ਜਾਚਕ ਨੂੰ ਨਵੀਂ ਤਾਜ਼ਗੀ ਦਿੰਦੀ ।
ਇਥੇ ਵਹਿੰਦੀ ਗੰਗਾ ਦੀ ਜਲਧਾਰਾ
ਜੋ ਹਰ ਮਾਨਵ ਮਾਤਰ ਦੇ
ਪਾਪਾਂ ਤੇ ਸੰਤਾਪਾਂ ਨੂੰ ਧੋ ਦਿੰਦੀ ।
ਇਥੋਂ ਦੇ ਭਰਪੂਰ ਖੇੜੇ ਵਿਚ ਸਮਾਈ ਪੂਰਨਤਾ
ਰੱਬੀ ਮਸਤੀ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ
ਜਿਸ ਦੀ ਦਾਤ ਹਰ ਕਿਸੀ ਨੂੰ ਮਿਲਦੀ ।
ਰੱਬ ਅਖੌਤੀ ਮੰਦਰਾਂ ਦੇ ਪੁਜਾਰੀਆਂ ਤੋਂ ਦੁੱਖੀ ਹੋ
ਇਥੇ ਸਿੰਤਾਂ ਦੇ ਹਿਰਦੇ ਦੀ ਸ਼ਾਂਤੀ
ਅਤੇ ਸਹਿਜ ਵਿਚ ਆ ਸਮਾਉਂਦਾ ।
ਸੰਤ ਜਨ ਪ੍ਰਭੂ ਪ੍ਰੀਤਮ ਦੇ ਆਗਮਨ ਲਈ
ਨਿਤ ਹਿਰਦੇ ਦਾ ਮੰਦਰ ਸਜਾਉਂਦੇ,
ਹਰ ਰਾਤ ਉਸ ਦੇ ਸੁਖ ਆਰਾਮ ਲਈ
ਨਵਾਂ ਨਿਵਾਸ ਬਣਾਉਂਦੇ ।
ਇਸ ਘਰ ਵਿਚ ਕੀਤੀ ਜਾਂਦੀ ਟਹਿਲ ਸੇਵਾ
ਹੈ ਮਾਨਵ ਦੀ ਸੱਚੀ ਸੇਵਾ
ਇਥੇ ਪਾਣੀ ਢੋਣਾ, ਚੱਕੀ ਪੀਹਣਾ,
ਲੰਗਰ ਵਿਚ ਰੋਟੀ ਦਾ ਪਕਾਉਣਾ,
ਜੂਠੇ ਬਰਤਨਾਂ ਦਾ ਮਾਂਜਮਾ,
ਰੋਗੀਆਂ ਦਾ ਉਪਚਾਰ,
ਵਿਹੜੇ ਦੇ ਫਰਸ਼ਾਂ ਨੂੰ ਧੋਣਾ
ਜਾਂ ਕਰਨਾ ਨਿਰਮਾਣ
ਕਿਸੇ ਮੰਦਰ ਦਾ
ਹੈ ਸੱਚੀ ਸੇਵਾ ਦੀ ਕਾਰ-
ਕਿਉਂਜੋ ਇਸ ਧਾਮ ਤੇ ਕੀਤੀ ਸੇਵਾ
ਪ੍ਰਭੂ ਪ੍ਰੀਤਮ ਤੇ ਆਨੰਦ ਦਾ ਲੁਕਿਆ
ਸੇਵਾ ਵਿਚ ਭੰਡਾਰ ।
ਇਸ ਧਾਮ ਦੀ ਪਰਮ ਸ਼ਾਂਤੀ ਤੋਂ ਵਿਹੂਣੀ



Sri Satguru Jagjit Singh Ji eLibrary NamdhariElibrary@gmail.com

ਹੋਰ ਸਭ ਸੇਵਾ ਮਨੁੱਖ ਮਾਤਰ ਦੀ ਤੇ ਸਭ ਉਪਕਾਰ,
ਕੁਝ ਵੀ ਅਰਥ ਨਾ ਰਖਣ,
ਬਣ ਜਾਂਦੇ ਨੇ ਕੇਵਲ ਹੱਡ ਚੰਮ ਦਾ ਵਿਵਹਾਰ ।
ਇਹ ਦੋ ਪ੍ਰਕਾਰ ਦੇ ਘਰ 'ਆਲ੍ਹਣੇ' ਜਾਂ 'ਨਿਵਾਸ'
ਜਿਨ੍ਹਾਂ ਦੇ ਬੂਹੇ ਹਰ ਪਲ ਰਹਿੰਦੇ ਖੁਲ੍ਹੇ,
ਉਨ੍ਹਾਂ ਸਭ ਨਰ ਨਾਰਾਂ ਲਈ
ਜਿਨ੍ਹਾਂ ਉਤੇ ਹੁੰਦੀ ਰੱਬੀ ਕਿਰਪਾ;
ਇਨ੍ਹਾਂ ਵਿਚ ਆ ਕੇ ਸੁਖ ਆਨੰਦ ਨੂੰ ਪਾਉਣਾ
ਹੁੰਦਾ ਹੈ ਕੇਵਲ ਰੱਬੀ ਮਿਹਰ ਦੁਆਰਾ,
ਬਿਨਾਂ ਪ੍ਰਭੂ ਦੀ ਦਇਆ ਮਿਹਰ ਤੇ ਨਦਰ ਕਰਮ ਦੇ
ਕੋਈ ਵੀ ਇਨ੍ਹਾਂ ਅੰਦਰ ਕਰ ਨਾ ਸਕੇ ਨਿਵਾਸ ।
ਗੁਰੂ ਅਰਜਨ ਨੇ ਸੱਚ ਫਰਮਾਇਆ :
"ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥"

❖ ❖ ❖ ❖

## ਪਦਮਾ

(ਇਹ ਕਾਵਿ-ਚਿਤਰ ਵੀ ਭਾਈ ਵੀਰ ਸਿੰਘ ਦੇ ਕਲਪਿਤ ਸੁਭਾ-ਚਿਤਰ ਉਤੇ ਆਧਾਰਰਤ ਹੈ।)

(ਨਾਹਨ ਦੇ ਰਾਜੇ ਦੀ ਇਕਲੌਤੀ, ਜੋ ਉਸ ਦੀ ਅਤਿ ਪਿਆਰੀ, ਗੁਰੂ ਗੋਬਿੰਦ ਸਿੰਘ ਜੀ ਦੇ ਰਵਾਲਸਰ ਵਿਖੇ ਦਰਸ਼ਨ ਕਰਕੇ ਨਿਹਾਲ ਹੋਈ। ਪਰ ਜਦ ਉਸ ਨੂੰ ਪਤਾ ਲਗਾ ਕਿ ਪਹਾੜੀ ਰਾਜੇ ਨਫਰਤ ਦੀ ਅੱਗ ਵਿਚ ਸੜ ਕੇ ਗੁਰੂ ਗੋਬਿੰਦ ਸਿੰਘ ਨਾਲ ਯੁਧ ਛੇੜਨ ਲਗੇ ਹਨ ਤਾਂ ਉਹ ਇਹ ਸਦਮਾ ਝਲ ਨਾ ਸਕੀ ਤੇ ਪਰਲੋਕ ਸਿਧਾਰ ਗਈ ।)

ਪਦਮਾ !
ਸੁਪਨੇ ਦੇ ਸੂਖਮ ਆਕਾਰ ਵਾਲੀ
ਸਰਘੀ ਦੀਆਂ ਧੁੰਧਾਂ ਦੇ ਪ੍ਰਕਾਸ਼ ਵਿਚ ਘਿਰੀ
ਆਕਾਸ਼-ਗੰਗਾ ਦੇ
ਦੁੱਧ ਚਿੱਟੇ ਚਾਨਣ ਤੋਂ ਦੇਵਤਿਆਂ ਹਾਰ



Sri Satguru Jagjit Singh Ji eLibrary NamdhariElibrary@gmail.com

ਚਾਨਣ ਵਰਖਾ ਦੀਆਂ ਫੁਹਾਰਾਂ ਸਮਾਨ
ਹੇਠਾਂ ਧਰਤੀ ਤੇ ਆਉਂਦੀ ।

ਉਸ ਦੇ ਨੈਣ ਇਸ ਨਵੇਂ ਜਨਮ ਵਿਚ
ਹੁਣੇ ਹੁਣੇ ਖੁਲ੍ਹੇ,
ਉਸ ਦੇ ਹੱਥ ਤੇ ਪੈਰ ਅਰਦਾਸ ਦੀ ਮੁਦਰਾ ਵਿਚ
ਜੁੜੇ ਤੇ ਟਿਕੇ ਹੋਏ,
ਪ੍ਰਕਾਸ਼ ਦੇ ਮੋਘਲੇ ਹਾਰ ਆਕਾਸ਼ ਤੋਂ
ਹੇਠਾਂ ਤਰਦੀ ਆਉਂਦੀ ।
ਇਸ ਧਰਤ ਲਈ ਉਹ ਕੋਈ ਓਪਰੀ ਵਸਤੂ
ਨਫ਼ਰਤ ਦੇ ਇਸ ਅੰਧਕਾਰ ਵਿਚ
ਉਸ ਦਾ ਦਮ ਘੁਟਦਾ
ਅਤੇ ਉਹ ਸਵੱਛ ਤੇ ਖੁਲ੍ਹੀ ਪਵਨ ਲਈ ਲੁਛਦੀ
ਅਗਿਆਤ ਡਰਾਂ ਦੇ ਤੋਖਲੇ ਤੋਂ ਤਹਿੰਦੀ ਤੇ ਕੰਬਦੀ,
ਇਸ ਧਰਤੀ ਉਤੇ ਸਾਹ ਨਾ ਲੈ ਸਕਦੀ,
ਆਪਣੇ ਨੈਣਾਂ ਵਿਚ ਗੁਰੂ ਦਰਸ਼ਨ ਨੂੰ ਸਮੋ
ਉਹ ਫਿਰ ਆਪਣੇ ਆਕਾਸ਼ੀ ਨਿਵਾਸ ਵਲ
ਪਰਤ ਗਈ ।

❖ ❖ ❖ ❖



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

PRINTED AT : DAWN COMPUPRINTERS, AMRITSAR

Sri Satguru Jagjit Singh Ji eLibrary NamdhariElibrary@gmail.com